# ਹੜ੍ਹ ਦਾ ਖ਼ਤਰਾ ਅਤੇ ਨਿੱਜੀ ਤਿਆਰੀ
# ਆਮ ਜਾਣਕਾਰੀ
# Flood Risk and Personal Preparedness
# General Information

**ਪਿਛੋਕੜ:**

- ਬੀ ਸੀ ਵਿਚ ਹੜ੍ਹ ਇਕ ਆਮ, ਕੁਦਰਤੀ ਵਾਪਰਨ ਵਾਲੀ ਘਟਨਾ ਹੈ
- ਬਰਫ਼ ਦੇ ਅਸਧਾਰਨ ਵੱਡੇ ਢੇਰ, ਕੁਦਰਤੀ ਤੌਰ ’ਤੇ ਭਵਿੱਖ ਵਿਚ ਹੜ੍ਹ ਆਉਣ ਦੇ ਖ਼ਤਰੇ ਨੂੰ ਵਧਾ ਦਿੰਦੇ ਹਨ
- ਬਹਾਰ ਰੁੱਤ ਵਿਚ ਬਰਫ਼ ਦੇ ਢੇਰਾਂ ਦੇ ਪਿਘਲਣ ਦੀ ਦਰ, ਹੜ੍ਹ ਦੇ ਖ਼ਤਰੇ ਨੂੰ ਨਿਰਧਾਰਤ ਕਰ ਸਕਦੀ ਹੈ
- ਬਾਰਸ਼, ਗਰਮ ਮੌਸਮ ਅਤੇ ਪਿਘਲੀ ਹੋਈ ਬਰਫ਼ ਨਾਲ ਰਲ ਕੇ ਹੜ੍ਹਾਂ ਦਾ ਖ਼ਤਰਾ ਵਧਾਉਂਦੀ ਹੈ
- ਹੜ੍ਹ ਦੇ ਖ਼ਤਰੇ ਨੂੰ ਕਈ ਕਾਰਕ ਨਿਰਧਾਰਤ ਕਰਦੇ ਹਨ
- 1999 ਵਿਚ ਬਰਫ਼ ਦੇ ਪੱਧਰ ਦਾ ਰਿਕਾਰਡ ਕਾਇਮ ਹੋਇਆ ਪਰ ਫਰੇਜ਼ਰ ਵੈਲੀ ਵਿਚ ਫਰੇਜ਼ਰ ਦਰਿਆ ਦੇ ਨਾਲ ਨਾਲ ਕੋਈ ਵੱਡਾ ਹੜ੍ਹ ਨਹੀਂ ਆਇਆ
- ਪਰ 1948 ਵਿਚ, ਬਰਫ਼ ਦੇ ਪੱਧਰ ਦੇ ਆਮ ਸਾਲ ਦੌਰਾਨ, ਲੋਅਰ ਫਰੇਜ਼ਰ ਵੈਲੀ ਵਿਚ ਆਏ ਹੜ੍ਹ ਨੇ ਹਜ਼ਾਰਾਂ ਵਸਨੀਕਾਂ ’ਤੇ ਅਸਰ ਪਾਇਆ ਅਤੇ ਪੁਲਾਂ ਅਤੇ ਸੜਕਾਂ ਵਰਗੇ ਬੁਨਿਆਦੀ ਢਾਂਚੇ ’ਤੇ ਅਸਰ ਪਿਆ
- ਗੰਭੀਰ ਹੜ੍ਹਾਂ ਨੇ ਅੱਪਰ ਫਰੇਜ਼ਰ, ਉੱਤਰ ਪੱਛਮੀ ਇਲਾਕਿਆਂ ਅਤੇ ਬੀ.ਸੀ. ਦੇ ਹੋਰ ਹਿੱਸਿਆਂ ਦੀਆਂ ਆਬਾਦੀਆਂ ’ਤੇ ਵੀ ਅਸਰ ਪਾਇਆ ਹੈ
- ਹੜ੍ਹ ਆਂਢ-ਗੁਆਂਢ ’ਤੇ ਅਸਰ ਪਾ ਸਕਦੇ ਹਨ, ਜਾਂ ਸਾਰੀ ਦਰਿਆ-ਘਾਟੀ, ਬਹੁਤ ਸਾਰੀਆਂ ਕਮਿਉਨਟੀਆਂ ਅਤੇ ਫਸਟ ਨੇਸ਼ਨਜ਼ ’ਤੇ ਅਸਰ ਪਾ ਸਕਦੇ ਹਨ
- ਫਰੇਜ਼ਰ ਦਰਿਆ ਬੀਤੇ 100 ਸਾਲਾਂ ਵਿਚ 25 ਵਾਰੀ ਹੜ੍ਹ ਦੀ ਪੱਧਰ ’ਤੇ ਪਹੁੰਚਿਆ ਹੈ

**ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ:**

***ਹੜ੍ਹ ਤੋਂ ਪਹਿਲਾਂ –***

- ਇਹ ਜਾਣੋ ਕਿ ਕੀ ਤੁਸੀਂ ਹੜ੍ਹ ਦੇ ਖ਼ਤਰੇ ਵਾਲੇ ਇਲਾਕੇ ਵਿਚ ਰਹਿੰਦੇ ਹੋ
- ਆਪਣੇ ਘਰ, ਕਾਰ ਅਤੇ ਕੰਮ ਲਈ ਐਮਰਜੰਸੀ ਵਿਚ ਵਰਤੀਆਂ ਜਾਣ ਵਾਲੀਆਂ ਨਿੱਜੀ ਸਪਲਾਈ ਕਿੱਟਾਂ ਤਿਆਰ ਕਰੋ (ਪਰਿਵਾਰ ਦੇ ਹਰ ਮੈਂਬਰ ਲਈ ਘੱਟੋ ਘੱਟ ਤਿੰਨ ਦਿਨਾਂ ਦੇ ਖਾਣੇ ਅਤੇ ਪਾਣੀ ਦੀ ਵਿਉਂਤ ਬਣਾਉ)
- ਚੁੱਕੋ-ਅਤੇ-ਜਾਉ ਵਾਲੀ ਇਕ ਕਿੱਟ ਤਿਆਰ ਕਰੋ ਜਿਹੜੀ, ਜੇ ਤੁਹਾਨੂੰ ਛੇਤੀ ਨਾਲ ਆਪਣਾ ਘਰ ਛੱਡਣਾ ਪਵੇ ਤਾਂ ਤੁਸੀਂ ਆਪਣੇ ਨਾਲ ਲਿਜਾ ਸਕੋ
- ਜ਼ਰੂਰੀ ਪੇਪਰ ਪਾਣੀ ਅੰਦਰ ਨਾ ਜਾਣ ਦੇਣ ਵਾਲੇ ਡੱਬਿਆਂ ਵਿਚ ਰੱਖੋ ਅਤੇ ਆਪਣੀਆਂ ਕੀਮਤੀ ਚੀਜ਼ਾਂ ਦਾ ਰਿਕਾਰਡ ਕਿਸੇ ਸੁਰੱਖਿਅਤ ਥਾਂ ’ਤੇ ਰੱਖੋ
- ਜੇ ਤੁਹਾਡੇ ਇਲਾਕੇ ਵਿਚ ਹੜ੍ਹ ਆਉਣ ਦੀ ਸੰਭਾਵਨਾ ਹੈ ਤਾਂ ਜਾਣਕਾਰੀ ਲਈ ਸਥਾਨਕ ਮੀਡੀਏ ਵੱਲ ਧਿਆਨ ਦਿਉ
- ਚਿਤਾਵਨੀ ਦੇਣ ਵਾਲੀਆਂ ਨਿਸ਼ਾਨੀਆਂ ’ਤੇ ਨਿਗ੍ਹਾ ਰੱਖੋ: ਪਾਣੀ ਦੇ ਵਹਾਅ ਦੀ ਉਚਾਈ ਅਤੇ ਤੇਜ਼ੀ, ਢਿੱਗਾਂ ਦਾ ਡਿਗਣਾ, ਨਦੀ ਨਾਲ਼ਿਆਂ ਵਿਚ ਮਲਬੇ ਦਾ ਆਉਣਾ, ਪਾਣੀ ਦਾ ਰੰਗ ਬਦਲਣਾ ਜਾਂ ਦਰਖ਼ਤਾਂ ਦਾ ਝੁਕਣਾ
- ਇਹ ਜਾਣੋ ਕਿ ਦਰਿਆਵਾਂ ਅਤੇ ਨਦੀਆਂ ਦੇ ਕੰਢੇ ਅਸਥਿਰ ਅਤੇ ਖ਼ਤਰਨਾਕ ਬਣ ਸਕਦੇ ਹਨ
- ਆਪਣੇ ਬੱਚਿਆਂ ਨੂੰ ਹੜ੍ਹ-ਸੁਰੱਖਿਆ ਬਾਰੇ ਸਿਖਾਉ
- ਆਪਣੇ ਪਾਲਤੂ ਜਾਨਵਰਾਂ ਅਤੇ ਜੇ ਕੋਈ ਪਸ਼ੂ ਹੋਵੇ ਤਾਂ ਉਸ ਲਈ ਪ੍ਰਬੰਧ ਕਰਨ ਬਾਰੇ ਵਿਚਾਰ ਕਰੋ
- ਇਹ ਪੱਕਾ ਕਰਨ ਲਈ ਆਪਣੇ ਬਜ਼ੁਰਗ ਜਾਂ ਅਪਾਹਜ ਗੁਆਂਢੀਆਂ ਨਾਲ ਗੱਲ ਕਰੋ ਕਿ ਕੀ ਉਹ ਹਾਲਤ ਤੋਂ ਵਾਕਫ਼ ਹਨ
- ਐਮਰਜੰਸੀ ਵਿਚ ਨਿੱਜੀ ਤਿਆਰੀ ਬਾਰੇ ਜਾਣਕਾਰੀ ਲੈਣ ਲਈ www.pep.bc.ca ਵੈੱਬਸਾਈਟ ’ਤੇ ਜਾਉ।

### *ਜੇ ਚੜ੍ਹ ਰਿਹਾ ਪਾਣੀ ਤੁਹਾਡੀ ਜਾਇਦਾਦ ਨੂੰ ਖ਼ਤਰੇ ਵਿਚ ਪਾ ਰਿਹਾ ਹੈ –*

- ਜੇ ਤੁਹਾਡਾ ਕੋਲ ਸਮਾਂ ਹੋਵੇ ਤਾਂ ਬਾਹਰ ਰੱਖਿਆ ਫਰਨੀਚਰ ਅੰਦਰ ਲਿਆਉ; ਜ਼ਰੂਰੀ ਚੀਜ਼ਾਂ ਅਤੇ ਕੋਈ ਵੀ ਖ਼ਤਰਨਾਕ ਸਮੱਗਰੀ ਜਿਵੇਂ ਕਿ ਸਫ਼ਾਈ ਕਰਨ ਲਈ ਵਰਤੇ ਜਾਂਦੇ ਪਦਾਰਥ ਜਾਂ ਕੀੜੇਮਾਰ ਦਵਾਈਆ ਨੂੰ ਉਪਰਲੀ ਮੰਜ਼ਲ 'ਤੇ ਜਾਂ ਉਸ ਇਲਾਕੇ ਤੋਂ ਦੂਰ ਲਿਜਾਉ
- ਮੇਨ ਸਵਿੱਚਾਂ ਜਾਂ ਵਾਲਵਾਂ ਤੋਂ ਗੈਸ, ਬਿਜਲੀ ਆਦਿ ਬੰਦ ਕਰ ਦਿਉ ਅਤੇ ਬਿਜਲੀ ਦੇ ਪਲੱਗ ਕੱਢ ਦੇਵੋ
- ਘਰ ਨੂੰ ਛੱਡ ਕੇ ਜਾਣ ਦੀ ਸੰਭਾਵਨਾ ਲਈ ਤਿਆਰੀ ਕਰੋ
- ਨੈਚਰਲ ਗੈਸ ਤੋਂ ਸੁਰੱਖਿਆ ਬਾਰੇ ਜਾਣਕਾਰੀ ਇਸ ਵੈੱਬਸਾਈਟ 'ਤੇ ਹੈ www.terasengas.com/_Safety/SafetyHomeWork/EmergencyPreparedness/Floods/default.htm

### *ਜੇ ਤੁਹਾਨੂੰ ਘਰ ਛੱਡ ਕੇ ਜ਼ਰੂਰ ਜਾਣਾ ਪੈਣਾ ਹੈ –*

- ਹਮੇਸ਼ਾਂ ਸਥਾਨਕ ਐਮਰਜੰਸੀ ਅਧਿਕਾਰੀਆਂ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ
- ਆਪਣੀ ਨਿੱਜੀ ਚੁੱਕੋ-ਅਤੇ-ਜਾਉ ਐਮਰਜੰਸੀ ਕਿੱਟ ਅਤੇ ਜ਼ਰੂਰੀ ਪੇਪਰ/ਦਸਤਾਵੇਜ਼ ਨਾਲ ਲੈ ਕੇ ਜਾਉ
- ਇਹ ਪੱਕਾ ਕਰੋ ਕਿ ਪਰਿਵਾਰ ਦੇ ਹਰ ਮੈਂਬਰ ਦੇ ਕੱਪੜੇ ਅਤੇ ਜੁੱਤੀਆਂ ਪਾਣੀ ਅੰਦਰ ਜਾਣ ਤੋਂ ਰੋਕਦੇ ਹੋਣ
- ਸਾਰੇ ਦਰਵਾਜ਼ੇ ਅਤੇ ਖਿੜਕੀਆਂ ਦੇ ਲੌਕ ਲਾਉ ਅਤੇ ਇਹ ਪੱਕਾ ਕਰਨ ਲਈ ਦੁਬਾਰਾ ਫਿਰ ਚੈੱਕ ਕਰੋ ਕਿ ਗੈਸ, ਬਿਜਲੀ ਅਤੇ ਪਾਣੀ ਬੰਦ ਕਰ ਦਿੱਤੇ ਗਏ ਹਨ
- ਜੇ ਤੁਸੀਂ ਆਪਣਾ ਘਰ ਛੱਡ ਕੇ ਜਾ ਰਹੇ ਹੋ ਤਾਂ ਮੀਟਰ ਤੋਂ ਆਪਣੀ ਗੈਸ ਦਾ ਵਾਲਵ ਬੰਦ ਕਰ ਦਿਉ। ਤੁਸੀਂ ਆਪਣੇ ਗੈਸ ਮੀਟਰ ਦੇ ਨਾਲ ਅਗਾਂਹ ਲੱਗੇ ਹੋਏ ਪਾਈਪ ਤੋਂ ਗੈਸ ਬੰਦ ਕਰਨ ਵਾਲਾ ਮੇਨ ਵਾਲਵ ਬੰਦ ਕਰ ਸਕਦੇ ਹੋ। ਮੀਟਰ ਤੋਂ ਗੈਸ ਬੰਦ ਹੋ ਜਾਣ ਤੋਂ ਬਾਅਦ, ਕਦੇ ਵੀ ਇਸ ਨੂੰ ਆਪਣੇ ਆਪ ਮੁੜ ਕੇ ਨਾ ਚਲਾਉ
- ਅੱਗੇ ਲਿਖੇ ਵੈੱਬਸਾਈਟ ਤੋਂ ਇਹ ਜਾਣੋ ਕਿ ਆਪਣਾ ਗੈਸ ਮੀਟਰ ਕਿਵੇਂ ਬੰਦ ਕਰਨਾ ਹੈ: www.terasengas.com/_Safety/SafetyHomeWork/CareOfYourMeter/HowtoturnOffYourMeter/default.htm
- ਬਿਜਲੀ ਤੋਂ ਸੁਰੱਖਿਆ ਬਾਰੇ ਜਾਣਕਾਰੀ ਲਵੋ www.bchydro.com/safety/ ਜਾਂ www.safetyauthority.ca/?q=flooding_information
- ਗੱਡੀ ਚਲਾਉਣ ਵੇਲੇ ਜ਼ਿਆਦਾ ਇਹਤਿਆਤ ਵਰਤੋ; ਜਾਣੀਆਂ-ਪਛਾਣੀਆਂ ਸੜਕਾਂ ਹੜ੍ਹ ਵੇਲੇ ਬਿਲਕੁਲ ਵੱਖਰੀਆਂ ਲੱਗ ਸਕਦੀਆਂ ਹਨ
- ਜੇ ਤੁਸੀਂ ਸਫ਼ਰ ਕਰਨ ਦੀ ਵਿਉਂਤ ਬਣਾ ਰਹੇ ਹੋ ਤਾਂ ਡਰਾਈਵ ਬੀ.ਸੀ. ਵੈੱਬਸਾਈਟ ਚੈੱਕ ਕਰੋ: www.drivebc.ca/
- ਵਗਦੇ ਪਾਣੀ ਵਿਚ ਦੀ ਨਾ ਤੁਰੋ। 15 ਸੈਂਟੀਮੀਟਰ (ਛੇ ਇੰਚ) ਤੋਂ ਘੱਟ ਵਗਦਾ ਪਾਣੀ ਤੁਹਾਡੇ ਡਿਗਣ ਦਾ ਕਾਰਨ ਬਣ ਸਕਦਾ ਹੈ। ਜੇ ਤੁਹਾਨੂੰ ਪਾਣੀ ਵਿਚ ਤੁਰਨਾ ਹੀ ਪੈਣਾ ਹੈ ਤਾਂ ਉੱਥੋਂ ਦੀ ਜਾਉ ਜਿੱਥੇ ਪਾਣੀ ਵਗ ਨਹੀਂ ਰਿਹਾ ਅਤੇ ਠੋਕਰ ਲੱਗਣ ਦੇ ਖ਼ਤਰਿਆਂ ਤੋਂ ਬਚੋ
- ਹੜ੍ਹ ਵਾਲੀਆਂ ਥਾਂਵਾਂ ਵਿਚ ਗੱਡੀ ਨਾ ਚਲਾਉ – ਪਾਣੀ ਗੱਡੀ ਨੂੰ ਤੇਜ਼ੀ ਨਾਲ ਰੋੜ੍ਹ ਕੇ ਲਿਜਾ ਸਕਦਾ ਹੈ
- ਜੇ ਘਰ ਛੱਡ ਕੇ ਗਏ ਹੋ ਤਾਂ ਰਿਸੈਪਸ਼ਨ ਸੈਂਟਰ 'ਤੇ ਆਪਣੇ ਆਪ ਨੂੰ ਰਜਿਸਟਰ ਕਰਵਾਉਣਾ ਯਾਦ ਰੱਖੋ
- ਆਫ਼ਤ ਲਈ ਬਣੇ ਰੂਟਾਂ ਵਿਚ ਰੁਕਾਵਟ ਨਾ ਪਾਉ

### *ਹੜ੍ਹ ਤੋਂ ਬਾਅਦ –*

- ਇਹ ਪਤਾ ਲਾਉਣ ਲਈ ਖਬਰਾਂ ਸੁਣੋ ਕਿ ਕੀ ਪਾਣੀ ਦੀ ਸਪਲਾਈ ਪੀਣ ਲਈ ਸੁਰੱਖਿਅਤ ਹੈ
- ਹੜ੍ਹ ਦੇ ਪਾਣੀਆਂ ਤੋਂ ਦੂਰ ਰਹੋ; ਪਾਣੀ ਗੰਦਾ ਹੋਇਆ ਹੋ ਸਕਦਾ ਹੈ ਜਾਂ ਬਿਜਲੀ ਦੀਆਂ ਅੰਡਰਗਰਾਊਂਡ ਜਾਂ ਡਿਗੀਆਂ ਹੋਈਆਂ ਲਾਈਨਾਂ ਕਰਕੇ ਇਸ ਵਿਚ ਬਿਜਲੀ ਦਾ ਕਰੰਟ ਆਇਆ ਹੋ ਸਕਦਾ ਹੈ
- ਘਰ ਵਾਪਸ ਉਦੋਂ ਹੀ ਜਾਉ ਜਦੋਂ ਅਧਿਕਾਰੀ ਇਹ ਕਹਿਣ ਕਿ ਘਰ ਜਾਣਾ ਸੁਰੱਖਿਅਤ ਹੈ
- ਗਿੱਲੀ ਹੋਈ ਕਿਸੇ ਵੀ ਚੀਜ਼ ਨੂੰ ਸਾਫ਼ ਅਤੇ ਰੋਗਾਣੂ-ਰਹਿਤ ਕਰੋ। ਹੜ੍ਹ ਦੇ ਪਾਣੀਆਂ ਤੋਂ ਬਚ ਗਏ ਚਿੱਕੜ ਵਿਚ ਗੰਦ-ਮੰਦ ਅਤੇ ਕੈਮੀਕਲ ਹੋ ਸਕਦੇ ਹਨ
- ਬਿਜਲੀ ਦੀਆਂ ਸਵਿੱਚਾਂ ਜਾਂ ਬਿਜਲੀ ਦੇ ਗਿੱਲੇ ਸਾਜ਼-ਸਮਾਨ ਨੂੰ ਉਦੋਂ ਤੱਕ ਨਾ ਚਲਾਉ ਜਦ ਤੱਕ ਕੋਈ ਇਲੈਕਟਰੀਸ਼ਨ ਅਜਿਹਾ ਕਰਨ ਦੀ ਪ੍ਰਵਾਨਗੀ ਨਹੀਂ ਦੇ ਦਿੰਦਾ

- ਹੜ੍ਹ ਦੇ ਪਾਣੀਆਂ ਨਾਲ ਗੰਦਾ ਹੋਇਆ, ਜਾਂ ਬੰਦ ਕੀਤੀ ਗਈ ਫਰਿਜ ਜਾਂ ਫਰੀਜ਼ਰ ਵਿਚ ਪਿਆ ਹੋਇਆ ਖਾਣਾ ਖਾਣ ਦੇ ਸਿਹਤ ਨੂੰ ਖ਼ਤਰੇ ਤੋਂ ਬਚਣ ਲਈ ਇਹ ਗੁਰ ਵਰਤੋ – *ਜੇ ਸ਼ੱਕ ਹੈ ਤਾਂ ਸੁੱਟ ਦੇਵੋ।* ਗੰਦਗੀ ਖਾਣਿਆਂ ਅਤੇ ਦਵਾਈਆਂ ਨੂੰ ਖਰਾਬ ਕਰ ਸਕਦੀ ਹੈ ਅਤੇ ਇਨ੍ਹਾਂ ਨੂੰ ਖਾਣਾ ਖ਼ਤਰਨਾਕ ਬਣਾਉਂਦੀ ਹੈ
- ਆਪਣੀ ਇਨਸ਼ੋਰੈਂਸ ਅਤੇ ਗੈਸ, ਬਿਜਲੀ ਆਦਿ ਵਾਲੀਆਂ ਕੰਪਨੀਆਂ ਨਾਲ ਸੰਪਰਕ ਕਰੋ
- *ਇਕ ਵੇਲੇ ਇਕ ਕਦਮ ਆਫ਼ਤ ਤੋਂ ਪਹਿਲਾਂ ਵਾਲੀ ਹਾਲਤ ਵਿਚ ਆਉਣ ਲਈ ਗਾਈਡ* ਦੇਖੋ http://www.pep.gov.bc.ca/floods/docs/recoveryguide-p.pdf

*ਸੰਪਰਕ:*